# ਮਾਪੇ ਵੀ ਗਿਣਦੇ ਹਨ

## ਆਕਾਰਾਂ ਅਤੇ ਚੀਜ਼ਾਂ ਨਾਲ ਆਪਣੇ ਬੱਚੇ ਦੀ ਮਦਦ ਕਰਦਿਆਂ

ਸਥਾਨ ਦੇ ਗਣਿਤ ਵਿਚ ਠੋਸ ਚੀਜ਼ਾਂ ਦੇ ਆਕਾਰ ਅਤੇ ਆਕਾਰਾਂ ਅਤੇ ਚੀਜ਼ਾਂ ਦੀ ਸਥਿਤੀ ਨਾਲ ਸੰਬੰਧਤ ਵਿਚਾਰ ਸ਼ਾਮਿਲ ਹੁੰਦੇ ਹਨ। ਬੱਚਿਆਂ ਨੂੰ ਆਪਣੇ ਮਨਾਂ ਵਿਚ ਚੀਜ਼ਾਂ ਦੀ ਸ਼ਕਲ ਅਤੇ ਉਨ੍ਹਾਂ ਦੇ ਆਕਾਰ ਬਾਰੇ ਮਜ਼ਬੂਤ ਅਕਸ ਵਿਕਸਿਤ ਕਰਨ ਦੀ ਲੋੜ ਹੁੰਦੀ ਹੈ ਅਤੇ ਮਨ ਵਿਚ ਇਹ ਬਿਠਾਉਣ ਦੀ ਲੋੜ ਹੁੰਦੀ ਹੈ ਕਿ ਵਸਤਾਂ ਨੂੰ ਕਿਵੇਂ ਬਦਲਿਆ ਜਾ ਸਕਦਾ ਹੈ, ਕਿਵੇਂ ਇਕੱਠਿਆਂ ਰੱਖਿਆ ਜਾ ਸਕਦਾ ਹੈ ਅਤੇ ਕਿਵੇਂ ਖਿੱਚਿਆ ਜਾ ਸਕਦਾ ਹੈ।

ਸਾਨੂੰ ਇਹ ਵੀ ਚਾਹੀਦਾ ਹੈ ਕਿ ਅਸੀਂ ਬੱਚੇ ਦੀ ਭਾਸ਼ਾ ਨੂੰ ਵਿਕਸਿਤ ਕਰਨ ਵਿਚ ਉਸ ਦੀ ਮਦਦ ਕਰੀਏ ਤਾਂ ਜੋ ਉਹ ਚੀਜ਼ਾਂ ਅਤੇ ਆਕਾਰ ਬਾਰੇ ਚੰਗੀ ਤਰ੍ਹਾਂ ਦੱਸ ਸਕੇ।

### ਸਥਾਨ ਸੰਬੰਧੀ ਵਿਚਾਰ ਬੱਚੇ ਕਿਵੇਂ ਸਿੱਖਦੇ ਹਨ ?

ਸ਼ੁਰੂ ਵਿਚ ਬੱਚੇ ਆਪਣੇ ਆਲੇ ਦੁਆਲੇ ਦੀ ਥਾਂ ਅਤੇ ਵਸਤਾਂ ਬਾਰੇ ਉਨ੍ਹਾਂ ਨਾਲ ਖੇਡ ਕੇ ਅਤੇ ਤਜਰਬਾ ਹਾਸਲ ਕਰਕੇ ਸਿੱਖਣਗੇ। ਛੋਟੇ ਬੱਚੇ ਖਿਡੌਣਾ ਟਾਵਰ ਉਸਾਰਨ ਵੇਲੇ ਇਹ ਪਤਾ ਲਾ ਕੇ ਸੁਆਦ ਹਾਸਲ ਕਰਦੇ ਹਨ ਕਿ ਕਿਹੜਾ ਬਲਾੱਕ ਇੱਕ ਦੂਜੇ ਬਲਾੱਕ ਉਤੇ ਟਿਕ ਜਾਵੇਗਾ ਅਤੇ ਕਿਹੜਾ ਢਹਿ ਜਾਵੇਗਾ। ਛੇਤੀ ਹੀ ਬੱਚੇ ਤਿੰਨ ਪਾਸਾਰੀ ਵਸਤਾਂ ਦਾ ਨਾਮ ਵੀ ਸਿੱਖ ਜਾਣਗੇ, ਸਾਨੂੰ ਚਾਹੀਦਾ ਹੈ ਕਿ ਅਸੀਂ ਬੱਚਿਆਂ ਨੂੰ ਉਨ੍ਹਾਂ ਹਿੱਸਿਆਂ ਬਾਰੇ ਸੋਚਣ ਅਤੇ ਗੱਲਬਾਤ ਕਰਨ ਲਈ ਹੱਲਾਸ਼ੇਰੀ ਦੇਈਏ ਜਿਨ੍ਹਾਂ ਨਾਲ ਵਸਤਾਂ ਬਣਦੀਆਂ ਹਨ।

ਪਹਿਲਾਂ ਦੇ ਤਜਰਬਿਆਂ ਰਾਹੀਂ ਬੱਚੇ ਸਾਧਾਰਣ ੨-ਪਾਸਾਰੀ ਆਕਾਰਾਂ, ਜਿਵੇਂ ਕਿ *ਤਿਕੋਨ ਜਾਂ* ਚੱਕਰ ਬਾਰੇ ਵੀ ਸਿੱਖ ਜਾਣਗੇ। ਸਾਨੂੰ ਚਾਹੀਦਾ ਹੈ ਕਿ ਅਸੀਂ ਸ਼ਕਲਾਂ ਨੂੰ ਵੱਖੋ-ਵੱਖਰੀਆਂ ਸਥਿਤੀਆਂ ਅਤੇ ਆਕਾਰਾਂ ਵਿੱਚ ਬੱਚਿਆਂ ਨੂੰ ਵਿਖਾਈਏ ਤਾਂ ਜੋ ਉਹ ਆਪਣੇ ਮਨਾਂ ਵਿਚ ਉਨ੍ਹਾਂ ਸ਼ਕਲਾਂ ਦੇ ਅਕਸ ਬਿਠਾ ਸਕਣ। ਮੂਰਤਾਂ ਵਾਹ ਕੇ ਹੀ ਮੁੱਖ ਤੌਰ ਉਤੇ ਬੱਚੇ ਆਪਣੇ ਵਿਚਾਰ ਵਿਕਸਿਤ ਕਰ ਸਕਦੇ ਹਨ।




Curriculum K–12 Directorate, © NSW Department of Education

# ਮਾਪੇ ਵੀ ਗਿਣਦੇ ਹਨ

## ਤੁਸੀਂ ਘਰ ਵਿਚ ਕੀ ਕਰ ਸਕਦੇ ਹੋ ?

- ਆਪਣੇ ਬੱਚੇ ਨੂੰ ਕਿਤਾਬਾਂ ਪੜ੍ਹ ਕੇ ਸੁਣਾਓ ਅਤੇ ਤਸਵੀਰਾਂ ਵਿਚਲੀਆਂ ਸ਼ਕਲਾਂ ਬਾਰੇ ਉਨ੍ਹਾਂ ਨਾਲ ਗੱਲਬਾਤ ਕਰੋ। *ਘਰ ਦੀ ਛੱਤ ਇੱਕ ਤਿਕੋਨ ਵਾਂਗ ਹੈ।*
- ਆਪਣੇ ਘਰ ਅੰਦਰ ਜਾਂ ਬਾਹਰ ਉਨ੍ਹਾਂ ਚੀਜ਼ਾਂ ਨੂੰ ਵੇਖੋ ਜੋ ਚੱਕਰ, ਤਿਕੋਨ, ਆਇਤ ਜਾਂ ਵਰਗ ਜਿਹੀਆਂ ਹਨ। ਵੱਖੋ-ਵੱਖ ਆਕਾਰ ਦੀਆਂ ਸ਼ਕਲਾਂ ਨੂੰ ਵੱਖੋ-ਵੱਖਰੀਆਂ ਸਥਿਤੀਆਂ ਵਿਚ ਵੇਖੋ।
- ਆਪਣੇ ਬੱਚੇ ਨੂੰ ਅਜਿਹੀਆਂ ਗਤੀਵਿਧੀਆਂ ਵਿਚ ਰੁੱਝੇ ਰਹਿਣ ਲਈ ਹੱਲਾਸ਼ੇਰੀ ਦਿਓ ਜਿਵੇਂ ਕਿ ਕਾਰਕਾਂ, ਖਾਲੀ ਕਾਟਨ ਰੀਲਾਂ ਜਾਂ ਸਪੰਜ ਦੀ ਵਰਤੋਂ ਕਰਦਿਆਂ ਕਾਗਜ਼ ਉਤੇ ਸ਼ਕਲਾਂ ਵਾਹ ਕੇ ਆਪਣਾ ਖ਼ੁਦ ਦਾ ਤੋਹਫ਼ਾ ਪੈਕ ਕਰਨਾ।
- ਆਪਣੇ ਸਰੀਰ ਜਾਂ ਹੱਥਾਂ ਦੀ ਵਰਤੋਂ ਕਰਦਿਆਂ ਜ਼ਮੀਨ ਜਾਂ ਕੰਧ ਉਤੇ ਛਾਵਾਂ ਬਣਾਉਣੀਆਂ ਅਤੇ ਛਾਵਾਂ ਨਾਲ ਬਣਨ ਵਾਲੀਆਂ ਸ਼ਕਲਾਂ ਬਾਰੇ ਗੱਲਬਾਤ ਕਰੋ।
- ਟੋਪੀ ਜਾਂ ਕਿਸ਼ਤੀ ਬਣਾਉਣ ਲਈ ਕਾਗਜ਼ ਨੂੰ ਮੋੜੋ ਅਤੇ ਕਾਗਜ਼ ਮੋੜਦੇ ਸਮੇਂ ਬਣਨ ਵਾਲੀਆਂ ਸ਼ਕਲਾਂ ਬਾਰੇ ਗੱਲਬਾਤ ਕਰੋ।
- ਕਿਸੇ ਰਸਾਲੇ ਵਿਚ ਛਪੀ ਤਸਵੀਰ ਨੂੰ ਚਾਰ ਜਾਂ ਪੰਜ ਟੁਕੜਿਆਂ ਵਿਚ ਕੱਟ ਕੇ ਆਪਣਾ ਖ਼ੁਦ ਦਾ ਇੱਕ 'ਜਿਗਸਾਅ' ਬਣਾਓ ਅਤੇ ਉਨ੍ਹਾਂ ਟੁਕੜਿਆਂ ਨੂੰ ਮੁੜ ਜੋੜ ਕੇ ਉਹੀ ਤਸਵੀਰ ਬਣਾਓ। ਇਸ ਬਾਰੇ ਗੱਲ ਕਰੋ ਕਿ ਇਨ੍ਹਾਂ ਟੁਕੜਿਆਂ ਦੇ ਕਿਨਾਰੇ ਆਪਸ ਵਿਚ ਕਿਵੇਂ ਫਿਟ ਬੈਠਦੇ ਹਨ।
- ਇੱਕ ਪੁਰਾਣਾ ਕਾਗਜ਼ ਜਾਂ ਤੋਹਫ਼ਾ ਲਪੇਟਣ ਲਈ ਵਰਤਿਆ ਹੋਇਆ ਕਾਗਜ਼ ਲਓ ਅਤੇ ਆਪਣੇ ਬੱਚੇ ਨੂੰ ਹੱਲਾਸ਼ੇਰੀ ਦਿਓ ਕਿ ਉਹ ਉਸ ਕਾਗਜ਼ ਨੂੰ ਟੁਕੜਿਆਂ ਵਿਚ ਕੱਟ ਕੇ ਉਨ੍ਹਾਂ ਨੂੰ ਗੂੰਦ ਨਾਲ ਚਿਪਕਾ ਕੇ ਕੋਈ ਤਸਵੀਰ ਬਣਾਵੇ।
- *ਆਈ ਸਪਾਈ* ਜਿਹੀਆਂ ਖੇਡਾਂ ਖੇਡੋ ਅਤੇ ਚੀਜ਼ਾਂ ਨੂੰ ਆਕਾਰ ਅਤੇ ਸ਼ਕਲ ਰਾਹੀਂ ਵਰਣਨ ਕਰੋ। *ਮੈਂ ਆਪਣੀ ਛੋਟੀ ਅੱਖ ਨਾਲ ਇਹ ਅਨੁਮਾਨ ਲਾਉਂਦਾ ਹਾਂ ਕਿ ਕੁਝ ਹੈ ਜੋ ਵੱਡਾ ਹੈ ਅਤੇ ਇੱਕ ਵਰਗ ਵਾਂਗ ਹੈ।*
- ਵੱਖੋ-ਵੱਖਰੇ ਆਕਾਰ ਦੇ ਡੱਬੇ ਅਤੇ ਕੰਟੇਨਰ ਲਓ ਅਤੇ ਉਨ੍ਹਾਂ ਨਾਲ ਉਨ੍ਹਾਂ ਨੂੰ ਇੱਕ ਦੂਜੇ ਉਤੇ ਟਿਕਾਉਣ ਵਾਲੀਆਂ ਖੇਡਾਂ ਖੇਡੋ।
- ਗਰੋਸਿਰੀ ਦੀਆਂ ਚੀਜ਼ਾਂ ਨੂੰ ਢੰਗ ਸਿਰ ਨਾਲ ਲਾਉਣ ਲਈ ਆਪਣੇ ਬੱਚੇ ਦੀ ਮਦਦ ਮੰਗੋ ਅਤੇ ਇਸ ਬਾਰੇ ਗੱਲਬਾਤ ਕਰੋ ਕਿ ਕਿਹੜੀਆਂ ਚੀਜ਼ਾਂ ਇੱਕ ਦੂਜੇ ਦੇ ਉਪਰ ਲੱਗ ਜਾਣਗੀਆਂ।
- ਕੁਕੀ ਕਟਰਜ਼ ਦੀ ਵਰਤੋਂ ਕਰਦਿਆਂ ਬਿਸਕੁਟ ਬਣਾਓ ਜਾਂ ਗੁੰਨ੍ਹੀ ਹੋਈ ਮਾੱਦਲਿੰਗ ਮਿੱਟੀ ਨਾਲ ਝੂਠੇ ਬਿਸਕੁਟ ਬਣਾਓ। ਹਰੇਕ ਬਿਸਕੁਟ ਦੀ ਸ਼ਕਲ ਬਾਰੇ ਗੱਲ ਕਰੋ
- ਕਾਗਜ਼ ਦਾ ਹਵਾਈ ਜਹਾਜ਼ ਬਣਾਉਣ ਵਿਚ ਆਪਣੇ ਬੱਚੇ ਦੀ ਮਦਦ ਕਰੋ ਅਤੇ ਵੇਖੋ ਕਿ ਕੀ ਇਹ ਉਡ ਸਕਦਾ ਹੈ।


Curriculum K–12 Directorate, © NSW Department of Education

# ਮਾਪੇ ਵੀ ਗਿਣਦੇ ਹਨ

- ਕੱਪਾਂ, ਬਾਲਟੀਆਂ ਜਾਂ ਜੈਲੀ ਮੋਲਡਜ਼ ਦੀ ਵਰਤੋਂ ਕਰਦਿਆਂ ਗਿੱਲੇ ਰੇਤੇ ਨਾਲ ਰੇਤੇ ਦੇ ਮਾੱਡਲ ਬਣਾਓ। ਇਨ੍ਹਾਂ ਆਕਾਰਾਂ ਅਤੇ ਸ਼ਕਲਾਂ ਬਾਰੇ ਗੱਲ ਕਰੋ ਅਤੇ ਕੁੱਝ ਸ਼ਕਲਾਂ ਇੱਕ ਦੂਜੇ ਉਤੇ ਰੱਖਣ ਦੀ ਕੋਸ਼ਿਸ਼ ਕਰੋ।
- ਸਾਬਣ ਦੇ ਘੋਲ ਅਤੇ ਤਿਣਕਿਆਂ ਜਾਂ ਤਾਰਾਂ ਦੇ ਲੂਪਸ ਦੀ ਵਰਤੋਂ ਕਰਦਿਆਂ ਬੁਲਬੁਲੇ ਬਣਾ ਕੇ ਹਵਾ ਵਿਚ ਛੱਡੋ। ਇਨ੍ਹਾਂ ਬੁਲਬੁਲਿਆਂ ਦੀਆਂ ਸ਼ਕਲਾਂ ਅਤੇ ਆਕਾਰ ਬਾਰੇ ਗੱਲ ਕਰੋ ਅਤੇ ਨੋਟ ਕਰੋ ਕਿ ਜਦੋਂ ਤਾਰ ਦੀ ਸ਼ਕਲ ਬਦਲ ਦਿੱਤੀ ਜਾਂਦੀ ਹੈ ਤਾਂ ਉਸ ਦਾ ਕੀ ਅਸਰ ਪੈਂਦਾ ਹੈ।
- ਲੱਕੜੀ ਦੇ ਕੱਟੇ ਹੋਏ ਟੁਕੜੇ ਇਕੱਠੇ ਕਰੋ ਅਤੇ ਆਪਣੇ ਬੱਚੇ ਨੂੰ ਉਨ੍ਹਾਂ ਟੁਕੜਿਆਂ ਨੂੰ ਗੂੰਦ ਨਾਲ ਜੋੜ ਕੇ ਇੱਕ ਮਾੱਡਲ ਬਣਾਉਣ ਦਿਓ।
- ਸਮੁੰਦਰ ਦੇ ਕੰਢੇ ਤੋਂ ਸਿੱਪੀਆਂ ਜਾਂ ਘੋਗੇ ਇਕੱਠੇ ਕਰੋ ਅਤੇ ਆਪਣੇ ਬੱਚੇ ਨੂੰ ਉਨ੍ਹਾਂ ਦੀ ਛਾਂਟੀ ਕਰਨ ਲਈ ਕਹੋ ਅਤੇ ਉਸ ਨੂੰ ਇਹ ਦੱਸਣ ਲਈ ਕਹੋ ਕਿ ਉਸ ਨੇ ਉਨ੍ਹਾਂ ਦੇ ਸਮੂਹ ਕਿਵੇਂ ਬਣਾਏ।
- ਤਾਸ਼ ਦੇ ਪੱਤਿਆਂ ਜਾਂ ਡੋਮੀਨੋਜ਼ ਨਾਲ ਇੱਕ ‘ਘਰ’ ਬਣਾਓ।
- ਜਦੋਂ ਤੁਸੀਂ ਸਬਜ਼ੀਆਂ ਜਾਂ ਫਲ ਕੱਟਦੇ ਹੋ ਤਾਂ ਉਨ੍ਹਾਂ ਦੇ ਕੱਟੇ ਹੋਏ ਆਕਾਰਾਂ ਬਾਰੇ ਗੱਲ ਕਰੋ।

